
## ਪਾਠ – 4
## ਘੜੇ ਦਾ ਪਾਣੀ (ਲੇਖਕ-ਸੁਰਜੀਤ ਸਿੰਘ ਮਰਜਾਰਾ)

### 1. ਪ੍ਰਸ਼ਨ/ ਉੱਤਰ



**ਪ੍ਰਸ੍ਨ ੳ. ਘੜੇ ਦੇ ਹੋਰ ਰੂਪ ਕਿਹੜੇ-ਕਿਹੜੇ ਹਨ?**
ਉੱਤਰ : ਘੜੇ ਦੇ ਹੋਰ ਰੂਪ ਮੱਟ, ਘੜੀਆਂ, ਸੁਰਾਹੀਆਂ, ਚਾਟੀ, ਝੱਕਰਾ, ਝੱਕਰੀ ਤੇ ਤੌੜੀ ਆਦਿ ਹਨ।

**ਪਸ੍ਨ ਅ. ਘੜੇ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਲਈ ਕੀਤੀ ਜਾਂਦੀ ਹੈ?**
ਉੱਤਰ : ਘੜੇ ਦਾ ਅਸਲ ਕੰਮ ਪੀਣ ਵਾਲ਼ੇ ਪਾਣੀ ਨੂੰ ਸੰਭਾਲ਼ਨਾ ਹੈ। ਖ਼ੁਸ਼ੀ ਮੌਕੇ ਘੜੇ ਨੂੰ ਸਾਜ਼ ਵਜੋਂ ਵਰਤਿਆ ਜਾਂਦਾ ਹੈ। ਪੂਜਾ-ਪਾਠ ਅਤੇ ਅੰਤਿਮ ਰਸਮਾਂ ਸਮੇਂ ਵੀ ਘੜੇ ਦੀ ਵਰਤੋਂ ਕੀਤੀ ਜਾਂਦੀ ਹੈ ।


**ਪ੍ਰਸ੍ਨ ੲ. ਪੁਰਾਣੇ ਸਮੇਂ ਵਿੱਚ ਪਿਆਸੇ ਰਾਹੀਆਂ ਦੀ ਪਿਆਸ ਬੁਝਾਉਣ ਲਈ ਕੀ ਕੀਤਾ ਜਾਂਦਾ ਸੀ?**
ਉੱਤਰ : ਪੁਰਾਣੇ ਸਮੇਂ ਵਿੱਚ ਰਾਜੇ-ਮਹਾਰਾਜੇ ਤੇ ਪਰਉਪਕਾਰੀ ਲੋਕ ਪਿਆਸੇ ਰਾਹੀਆਂ ਦੀ ਪਿਆਸ ਬੁਝਾਉਣ ਲਈ ਕਿਸੇ ਛਾਂਦਾਰ ਰੁੱਖ ਜਾਂ ਆਰਜ਼ੀ ਛੱਤ ਹੇਠ ਪਾਣੀ ਦੇ ਘੜੇ ਰਖਵਾ ਦਿੰਦੇ ਸਨ। ਇਸ ਨੂੰ 'ਪਿਆਉ' ਕਿਹਾ ਜਾਂਦਾ ਸੀ ।

**ਪ੍ਰਸ੍ਨ ਸ. ਪੁਰਾਣੇ ਸਮਿਆਂ ਵਿੱਚ ਖੂਹਾਂ ਤੋਂ ਪਾਣੀ ਲਿਆਉਣ ਲਈ ਮੁਟਿਆਰਾਂ ਕੀ ਕੁਝ ਕਰਦੀਆਂ ਸਨ?**
ਉੱਤਰ : ਪੁਰਾਣੇ ਸਮਿਆਂ ਵਿੱਚ ਮੁਟਿਆਰਾਂ ਇੱਕ ਦੂਜੀ ਤੋਂ ਵੱਧ ਘੜੇ ਚੁੱਕਣ ਦੇ ਮੁਕਾਬਲੇ ਕਰਦੀਆਂ ਸਨ। ਆਂਮ ਤੌਰ 'ਤੇ ਉਹ ਦੋ-ਦੋ ਪਾਣੀ ਦੇ ਘੜੇ ਸਿਰ ਉੱਤੇ ਚੁੱਕ ਕੇ ਅਤੇ ਇੱਕ ਘੜਾ ਢਾਕ 'ਤੇ ਰੱਖ ਕੇ ਪਾਣੀ ਢੋਂਦੀਆਂ ਸਨ।

**ਪ੍ਰਸ੍ਨ ਹ. ਅਜੋਕੇ ਸਮੇਂ ਵਿੱਚ ਘੜੇ ਦੀ ਮਹੱਤਤਾ ਕਿੰਨੀ ਕੁ ਹੈ?**
ਉੱਤਰ : ਅਜੋਕੇ ਸਮੇਂ ਵਿੱਚ ਘੜੇ ਦੀ ਮਹੱਤਤਾ ਬਹੁਤ ਘਟ ਗਈ ਹੈ। ਘੜੇ ਦੀ ਥਾਂ ਹੁਣ ਫ਼ਰਿੱਜਾਂ ਅਤੇ ਵਾਟਰ-ਕੂਲਰਾਂ ਨੇ ਲੈ ਲਈ ਹੈ। ਘੜੇ ਦੇ ਸ਼ੌਕੀਨ ਹੁਣ ਵਿਰਲੇ ਹੀ ਹਨ ।

**ਪ੍ਰਸ੍ਨ ਕ. ਮਨੁੱਖੀ ਸਰੀਰ ਕਿਹੜੇ ਪੰਜ ਤੱਤਾਂ ਦਾ ਬਣਿਆ ਹੋਇਆ ਹੈ ਤੇ ਇਹ ਤੱਤ ਘੜੇ ਵਿੱਚ ਕਿਵੇਂ ਸਮੋਏ ਹੋਏ ਹਨ?**
ਉੱਤਰ : ਮਨੁੱਖੀ ਸਰੀਰ ਮਿੱਟੀ, ਪਾਣੀ, ਹਵਾ, ਅਗਨੀ ਤੇ ਅਕਾਸ੍ਹ ਦਾ ਬਣਿਆ ਹੋਇਆ ਹੈ। ਕਾਰੀਗਰ ਮਿੱਟੀ ਨੂੰ ਪਾਣੀ ਵਿੱਚ ਗੁੰਨ੍ਹ ਕੇ, ਖੁੱਲ੍ਹੇ ਅਕਾਸ਼ ਹੇਠ, ਚੱਕ ਉੱਤੇ ਪੌਣ ਦੇ ਹਿਲੋਰਿਆਂ ਨਾਲ਼ ਘੜੇ ਨੂੰ ਤਿਆਰ ਕਰ ਕੇ ਅੱਗ ਨਾਲ਼ ਪਕਾਉਂਦਾ ਹੈ। ਇਸ ਤਰ੍ਹਾਂ ਇਹ ਪੰਜੇ ਤੱਤ ਘੜੇ ਵਿੱਚ ਮੌਜੂਦ ਹਨ ।

### 2. ਪੜ੍ਹੋ, ਸਮਝੋ, ਤੇ ਲਿਖੋ :



| | | |
|---|---|---|
| ਚੰਗਾ | : | ਬੁਰਾ |
| ਅਸਲੀ | : | ਨਕਲੀ |
| ਖ਼ੁਸ਼ੀ | : | ਗਮੀ |
| ਸਾਫ਼ | : | ਗੰਦਾ |
| ਅੰਮ੍ਰਿਤ | : | ਜ਼ਹਿਰ |
| ਠੰਢਾ | : | ਗਰਮ |
| ਮਿੱਠਾ | : | ਕੌੜਾ |
| ਵਿਆਹੀਆਂ | : | ਕੁਆਰੀਆਂ |
| ਰਾਤ | : | ਦਿਨ |
| ਸਵੇਰੇ | : | ਸ਼ਾਮ |
| ਸਰਦੀ | : | ਗਰਮੀ |

### 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਵਜੰਤਰੀ | : | ਸਾਜ਼ ਵਜਾਉਣ ਵਾਲ਼ਾ |
| ਅਠਖੇਲੀਆਂ | : | ਮਸਤੀ |
| ਵਹਿੰਗੀ | : | ਚੀਜ਼ਾਂ ਰੱਖਣ ਲਈ ਤੱਕੜੀ ਵਰਗੀ ਦੇ ਛਾਬਿਆਂ ਵਾਲ਼ੀ ਚੀਜ਼ |
| ਚਹਿਲ-ਪਹਿਲ | : | ਰੌਣਕ |
| ਸ਼ਰੀਕ | : | ਭਾਈਵਾਲ, ਸਾਥੀ, ਬਰਾਬਰ ਹੱਕ ਰੱਖਦਾ |
| ਤੰਦਰੁਸਤ | : | ਅਰੋਗ, ਸਿਹਤਮੰਦ |

| | | |
|---|---|---|
| ਬਹੁੜਦਾ | : | ਪਹੁੰਚਦਾ, ਅੱਪੜਦਾ, ਆਉਂਦਾ |
| ਮੰਤਵ | : | ਉਦੇਸ਼ |
| ਲੋਪ ਹੋਣਾ | : | ਗੁਆਚ ਜਾਣਾ, ਗੁੰਮ ਹੋ ਜਾਣਾ |
| ਗੁਣਕਾਰੀ | : | ਲਾਭਦਾਇਕ, ਫਾਇਦੇਮੰਦ, ਉਪਯੋਗੀ |

**4. ਵਾਕਾਂ ਵਿੱਚ ਵਰਤੋ :**

1. **ਇਤਰਾਜ਼ (ਵਿਰੋਧ)–** ਮੈਨੂੰ ਕੋਈ ਵੀ ਕੰਮ ਕਰਨ ਵਿੱਚ ਇਤਰਾਜ਼ ਨਹੀਂ।
2. **ਸਮਾਗਮ (ਸਮਾਰੋਹ)–** ਮੈਨੂੰ ਸਕੂਲ ਦੇ ਸਲਾਨਾ ਸਮਾਗਮ ਵਿੱਚ ਇਨਾਮ ਮਿਲਿਆ।
3. **ਪਰੰਪਰਾ (ਰਸਮ-ਰਿਵਾਜ਼)–** ਘੜਾ ਭੰਨਣਾ ਅੰਤਿਮ ਸਮੇਂ ਦੀ ਇੱਕ ਪਰੰਪਰਾ ਹੈ।
4. **ਪਰਉਪਕਾਰੀ (ਦੂਸਰੇ ਦਾ ਭਲਾ ਕਰਨ ਵਾਲ਼ਾ)–** ਪੁਰਾਣੇ ਸਮਿਆਂ ਵਿੱਚ ਪਰਉਪਕਾਰੀ ਲੋਕ ਰਾਹਗੀਰਾਂ ਲਈ ਠੰਡੇ ਪਾਣੀ ਦੇ ਘੜੇ ਰੱਖਦੇ ਸਨ।
5. **ਅਠਖੇਲੀਆਂ (ਮੌਜ਼-ਮਸਤੀ)–** ਬੱਚੇ ਪਾਰਕ ਵਿੱਚ ਅਠਖੇਲੀਆਂ ਕਰਦੇ ਹਨ।
6. **ਗ਼ਾਇਬ (ਅਲੋਪ)–** ਅੱਜ-ਕੱਲ੍ਹ ਘੜੇ ਦਾ ਨਾਂ ਹੀ ਗਾਇਬ ਹੋ ਗਿਆ ਹੈ।
7. **ਕਾਰੀਗਰ (ਹੱਥੀ ਕੰਮ ਕਰਨ ਵਾਲ਼ਾ)–** ਕਾਰੀਗਰ ਮਿੱਟੀ ਵਿੱਚ ਜਾਨ ਪਾ ਕੇ ਘੜੇ ਬਣਾਉਂਦੇ ਹਨ।
8. **ਚਮਤਕਾਰ (ਕਰਾਮਤ)–** ਅਨਪੜ੍ਹ ਲੋਕ ਵਿਗਿਆਨ ਨਾਲ਼ੋ ਚਮਤਕਾਰ ਵਿੱਚ ਭਰੋਸਾ ਕਰਦੇ ਹਨ।
9. **ਖ਼ਰੀਦਦਾਰ (ਖ਼੍ਰੀਦ ਕਰਨ ਵਾਲ਼ਾ)–** ਹੁਣ ਘੜੇ ਦੇ ਖ਼ਰੀਦਦਾਰ ਵਿਰਲੇ ਹੀ ਹਨ।